16430 G

16430 G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ ਬਿਨਾਂ ਇਜਾਜ਼ਤ ਕੋਈ ਨਾ ਛਾਪੇ

## ਹੁੰਡੀ

# ਨਰਸੀ ਭਗਤ ਦੀ

ਕ੍ਰਿਤ

## ਲਾਲ ਜੀ ਦਾਸ ਬੈਰਾਗੀ

ਜਿਸਨੂੰ

ਲਾਲਾ ਮਾਘੀ ਰਾਮ ਸੰਤ ਰਾਮ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ ਨੇ

ਕਰੋਨੇਸ਼ਨ ਪ੍ਰਿੰਟਿੰਗ ਵਰਕਸ ਅੰਮ੍ਰਿਤਸਰ ਵਿਚ
ਭਾਈ ਰੂਪ ਸਿੰਘ ਮੈਨੇਜਰ ਦੇ
ਯਤਨ ਨਾਲ ਛਪਾਯਾ॥

ਕੀਮਤ -)

੧ ੳ ਸਤਿਗੁਰ ਪ੍ਰਸਾਦਿ ॥

ਚੇਤਰ ਚਿਤ ਵਿਚ ਚੇਤ ਓਸ ਨੂੰ
ਜਿਸਨੂੰ ਸੇਵਨ ਸਾਰੇ ਕੂਟਾਂ ਚਾਰੇ ॥
ਤੇਤੀ ਕ੍ਰੋੜ ਜਿਸ ਕੀਆ ਦੇਵਤਾ
ਸੂਰਜ ਚੰਦ੍ਰਮਾਂ ਤਾਰੇ ਦੇਨ ਉਲਾਰੇ ॥
ਸਪਤ ਦੀਪ ਨੌਖੰਡ ਜੋਕੀਨੇ ਰਿਖੀ
ਰਿਖੀਸ਼ਰ ਭਾਰੇ ਨਜ਼ਾਰੇ ਨਜ਼ਾਰੇ।
ਲਾਲਜੀ ਦਾਸ ਕਹੈ ਸਾਧ ਬੈਰਾਗੀ
ਰਾਮ ਰਤਨ ਚਿਤ ਧਾਟੇ ਠਾਕਰ
ਦੂਆਰੇ॥੧॥ ਵੈਸਾਖ਼ ਲਾਜ ਭਗਤਾਂ
ਦੀ ਰਖਦਾ ਜੁਗਜੁਗ ਹੋਹੁ ਸਹਾਈ
ਜਾਦੋਰਾਈ ॥ ਨਾਮੇ ਭਗਤ ਪਰ
ਭੀੜਬਨੀ ਪ੍ਰਭੂ ਮੋਈਧੇਨ ਜਵਾਈ
ਕਲਾ ਦਿਖਲਾਈ ॥ ਰਵਿਦਾਸ
ਭਗਤ ਤੇ ਪੀਪਾ ਗਨਕਾ ਗਜਕੀ

Digitized by Panjab Digital Library | www.panjabdigilib.org

੧੬੪੩੦

ਬੰਧਛੁੜਾਈ ਡੇਰ ਨ ਲਾਈ ਲਾਲ
ਜੀ ਦਾਸ ਕਹੇ ਸਾਧ ਬੈਰਾਗੀ ਤਾਰਜੋ
ਸਧਨਾ ਕਸਾਈ ਮੀਰਾਂ ਬਾਈ
॥ ੨ ॥ ਜੇਠ ਜੂਨਾ ਗੜ ਨਗਰੀ
ਦੇ ਵਿਚ ਭਗਤਹੋਯਾ ਇਕ ਨਰਸੀ
ਸੇਵਾ ਕਰਸੀ ॥ ਤੀਰਥ ਬਾਸੀ ਦੋ
ਸਾਧ ਚਲੇ ਹੈਂ ਪਾਸਉਨਾਂ ਦੇ ਜਰਸੀ
ਕਿਤਵਲ ਧਰਸੀ ॥ ਜਾਇ ਨਗਰ
ਵਿਚ ਪ੍ਰਾਪਤ ਹੋਏ ਲਭ ਲਿਆ
ਉਹਦਾ ਘਰਸੀ ਮੂਰਤ ਪਰਸੀ ॥
ਲਾਲਜੀ ਦਾਸ ਕਹੈ ਸਾਧ ਬੈਰਾਗੀ
ਅਗਲੇ ਸਿਰੇ ਪਰ ਤਰਸੀ ਹੁੰਡੀ
ਕਰਸੀ ॥ ਹਾੜ ਹੋਰ ਕੋਈ ਸ਼ਾਹ
ਭਾਲਲੌ ਨਰਸੀ ਕਿਹਾ ਬੁਲਾ ਕੇ
ਸੀਸਨਿਵਾਕੇ ॥ ਮੈਂ ਗਰੀਬ ਅਨਾਥ

Digitized by Panjab Digital Library | www.panjabdigilib.org

ਵਿਚਾਰਾ ਧਰੋ ਹੋਰਥੇ ਜਾਕੇ ਮਨ ਪਤੀਆਕੇ ॥ ਜਾਨਗਰਕਿਸੇ ਹਾਸੀ ਕੀਨੀ ਭੇਜਿਆ ਤੁਮੇ ਸਿਖਾਕੇ ਤੇ ਭਰਮਾਕੇ । ਲਾਲ ਜੀ ਦਾਸ ਕਹੈ ਸਾਧਬੈਰਾਗੀ ਜਾਈਯੋ ਭੋਜਨ ਪਾਕੇ ਤ੍ਰਿਪਤ ਮਿਟਾਕੇ ॥ ੪ ॥ ਸ਼ਾਵਨ ਸਕਲ ਨਗਰ ਹਮ ਪਰਸਾ ਦੀਸੇ ਤੁਮਰਾਦ੍ਵਾਰਾ ਤੇ ਸ਼ਾਹੂਕਾਰਾ ॥ ਇਕ ਹੁੰਡੀ ਮੋਹਿ ਲਿਖ ਦੀਜੋ ਕਰੀਯੋ ਕਾਜ ਹਮਾਰਾ ਸ੍ਵਾਰਥ ਭਾਰਾ ॥ ਕਾਗਤ ਕਲਮ ਦ੍ਵਾਤ ਹਥ ਲੀਨੀ ਹਿਰਦੇ ਬੈਠ ਵਿਚਾਰਾ ਮਨ ਵਿਚ ਧਾਰਾ ॥ ਹੁੰਡੀਕੀਨੀ ਸਾਵਲ ਸ਼ਾਹ ਪੁਰ ਲੈ ਟੁਰਿਆ ਵਣਜਾਰਾ ਸਾਧ ਪਿਆਰਾ ॥ ੫ ॥ ਭਾਦ੍ਰੋਂ ਭਰਮ ਨ

Digitized by Panjab Digital Library | www.panjabdigilib.org

ਕਰਦੇ ਸਾਧੂ ਸਭ ਤੀਰਥ ਪ੍ਰਸਾਏ ਮਨ ਵਿਚਲਜਾਏ । ਬੱਦ੍ਰੀਨਾਥ ਤੇ ਕਾਸ਼ੀਪੁਰੀ ਥੀਂ ਨਗਰ ਦੁਆਰਕਾ ਆਏ ਰਾਹ ਪੁਛਾਏ ਫਲਗੂ ਉੱਤੇ ਗੈਯਾ ਜੋ ਕਰਦੇ ਜਗਨ ਨਾਥ ਵਲ ਆਏ ਨਹੀਂ ਅਟਕਏ ॥ ਲਾਲ ਜੀ ਦਾਸ ਕਹੈ ਸਾਧ ਬੈਰਾਗੀ ਸੰਤ ਸਭੀ ਚਲ ਆਏ ਦੁਆਰਕਾ ਧਾਏ ॥ ੬ ॥ ਅਸੂ ਆਸ ਹੁੰਡੀ ਦੀ ਲਗ ਰਹੀ ਕਰਦੇ ਮਜਲਾਂ ਭਾਰੀ ਬਹੁਤ ਕਰਾਰੀ ॥ ਨਗਰ ਦੁਵਾਰਕਾ ਆਇਜੋ ਪੌਂਚੇ ਦਿਲ ਵਿਚ ਬਾਤ ਬਿਚਾਰੀ ਮਨ ਮੇਂ ਧਾਰੀ ॥ ਸਾਵਲਸ਼ਾਹ ਦੀ ਹੱਟ ਜੋ ਪੁਛਦੇ ਕੋਈ ਨਾ ਦਸੇ ਬਿਪਾਰੀ ਤੇ

Digitized by Panjab Digital Library | www.panjabdigilib.org

ਘਰਬਾਰੀ ॥ ਲਾਲ ਜੀ ਦਾਸ ਕਹੈ
ਉਨ ਸੰਤਨ ਕੀ ਗਈ ਦ੍ਵ ਖੁਸ
ਸਾਰੀ ਹੋਸ਼ ਗਈ ਮਾਰੀ ॥੭॥ਕੱ ਕ
ਕਰਨ ਦਲੀਲਾਂ ਸਾਧੂ ਰਾਤ ਦਿਨੇ
ਵਿਚ ਮਨਦੇ ਮਾਰੇ ਧਨਦੇ । ਖਾਣ
ਮੂਰਛਾ ਹੋਣ ਬਿਆਕੁਲ ਸੁੱਧ ਨਾ
ਰਹੀ ਵਿਚ ਤਨ ਦੇ ਸੀ ਬਦਨਦੇ।
ਸਾਵਲ ਸ਼ਾਹ ਨੇ ਆਨ ਬੁਲਾਇਆ
ਪਈ ਬੁਲੇਲ ਵਿਚ ਕੰਨਦੇ ਓਸੇ
ਬੰਨਦੇ॥ ਕਾਗਜ ਦੀਜੋ ਦੰਮ ਭਰ
ਲੀਜੋ ਚਾਹੀਏ ਤੁ ਜਿਸ ਸੰਨ ਦੇ
ਸ਼ਾਹ ਪਰਖਨ ਦੇ ॥ ੮ ॥ ਮਘਰ
ਮੇਹਰ ਮੇਰੇ ਪੁਰ ਕੀਜੇ ਹੁੰਡੀ ਹਾ ।ਕੋ
ਦੀਜੋ ਦਮੜੇ ਲੀਜੋ ॥ ਬਹੁਤ ਮੰਨਾਂ
ਦੇ ਰਖੇ ਤੋੜੇ ਵਿਚ ਦੌਲਤ ਦੇ ਭੀਜੋ

Digitized by Panjab Digital Library | www.panjabdigilib.org

ਜ਼ਰਾਨ ਛੀਜੋ ॥ ਨਰਸੀ ਹਮਰਾ
ਸ਼ਾਹ ਜੋ ਸਾਧੋ ਦਯਾ ਜਗਤ ਪੂਰ
ਕੀਜੋ ਮੈਂ ਪੂਰ ਰੀਜੋ ॥ ਲਾਲ ਜੀ
ਦਾਸ ਕਹੋ ਨਰਸੀਭਗਤ ਕੋ ਹੁੰਡੀ
ਮੋਹ ਪੂਰਕੀਜੋ ਨਾਮ ਲੀਖ ਦੀਜੋ
॥ ੯ ॥ ਪੋਹ ਪਰਸ ਸਭ ਤੀਰਥ
ਸਾਧੂ ਜੂਨਾ ਗੜਵਲ ਆਇ ਨਹੀ
ਅਟਕਾਇ ॥ ਦੇਖ ਸ਼ਕਲ ਸਾਧੂ ਦੀ
ਨਰਸੀ ਭੀਤਰ ਨੂੰ ਛਿਪਜਾਇ ਖੌਫ
ਜੋ ਖਾਇ ॥ ਸਾਧੂ ਨਰਸੀ ਨੂੰ ਇਓਂ
ਪੂਠ ਬੋਲੇ ਦਮੜੇ ਹਮਨੇ ਪਾਇ
ਲੀਇ ਸਵਾਇ ॥ ਲਾਲਜੀਦਾਸ ਕਹੋ
ਤੁਮਰੇਕਾਰਨ ਦਰਸ਼ਨ ਪ੍ਰਭਕੇਪਾਏ
ਪਾਪ ਮਿਟਾਇ॥੧੦॥ਮਾਘਮਹਾਤਮ
ਦੇ ਵਿਚ ਲਿਖਿਆ ॥ ਭਗਤ ਹੋਇ

Digitized by Panjab Digital Library | www.panjabdigilib.org

ਹੁਣ ਕੇਤੀ ਬਾਤ ਪਰੇਤੀ॥ ਗੁਰ
ਨਾਨਕ ਤੇ ਭਗਤਕਬੀਰ ਮੂਲਨਾਮ
ਦੇ ਭੇਤੀ ਅਮਲਾਂ ਸੇਤੀ॥ਨਾਮ ਪਾਪ
ਨੂੰ ਇਓਂ ਕਟ ਸੁੱਟੇ ਜਿਓਂ ਲੋਹੇ ਨੂੰ
ਰੇਤੀ ਕਟਦੀ ਛੇਤੀ॥ਲਾਲਜੀ ਦਾਸ
ਕਹੇ ਠਾਕਰ ਧੰਨਦਾ ਕੂੜ ਦੇਵਤਾ
ਤੇਤੀ ਤੋੜਦੇ ਖੇਤੀ ॥੧੧॥ ਫਗਣ
ਫੁਲ ਚੰਬੇਲੀ ਲਾਚੀਆਂ ਲੌਂਗ
ਸੁਪਾਰੀਭੇਟਤੁਮਾਰੀ॥ਸਭ ਸਖੀਆਂ
ਫੇਰ ਨਾਲ ਕ੍ਰਿਸ਼ਨਦੇ ਭੂ ਮਾਰਨ
ਪਿਚਕਾਰੀ ਕੇਸਰ ਡਟੀ॥ ਅਤਰ
ਅਬੀਰ ਗੁਲਾਲ ਉਡਤਹੈ ਹੋਲੀ ਹੋ
ਰਹੀਭਾਰੀ ਤੇ ਇਕ ਵਾਰੀ ਲਾਲਜੀ
ਦਾਸ ਗਤ ਜੂੰਨਾਂਵਾਲਾ ਡਿਗਿਆ
ਸ਼ਰਨਤੁਮਾਰੀਕਿਸ਼ਨਮੁਰਾਰੀ।੧੨

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1319

Digitized by Panjab Digital Library | www.panjabdigilib.org

Digitized by Panjab Digital Library | www.panjabdigilib.org